# ਆਮ ਆਦਮੀ ਪਾਰਟੀ 2017 'ਚ ਸ਼ਾਨਦਾਰ ਜਿੱਤ ਹਾਸਲ ਕਰ ਕੇ ਨਵਾਂ ਇਤਿਹਾਸ ਰਚੇਗੀ - ਭਗਵੰਤ ਮਾਨ





**ਨੱਥੂਵਾਲਾ ਗਰਬੀ / ਸਾਧੂ ਰਾਮ ਲੰਗੇਆਣਾ**

ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿਚ ਫਸਾਇਆ ਜਾ ਰਿਹਾ ਹੈ। ਪੜ੍ਹੇ ਲਿਖੇ ਨੌਜਵਾਨਾਂ ਦੀਆਂ ਡਿਗਰੀਆਂ, ਡਿਪਲੋਮੇ ਲਿਫਾਫਿਆਂ 'ਚ ਰੁਲ ਰਹੇ ਹਨ। ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਡਾਂਗਾਂ ਪਰੋਸੀਆਂ ਜਾ ਰਹੀਆਂ ਹਨ। ਅੱਜ ਮੌਜੂਦਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜ ਆਬਾਂ ਦਾ ਪੰਜਾਬ ਪਾਣੀਆ ਦੀ ਬਜਾਏ ਸਮੈਕੀਆਂ, ਬਲੈਕੀਆਂ, ਸਿਰਾਂ ਤੋਂ ਲਹਿੰਦੀਆਂ ਚੁੰਨੀਆਂ, ਢਹਿੰਦੀਆਂ ਪੱਗਾਂ ਦਾ ਪੰਜਾਬ ਬਣ ਗਿਆ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਅਕਾਲੀ ਭਾਜਪਾ ਅਤੇ ਕਾਂਗਰਸ ਪਾਰਟੀ ਦਾ ਬਿਸਤਰਾ ਗੋਲ ਕਰ ਦੇਣਗੇ ਅਤੇ 2017 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਇਕ ਨਵਾਂ ਇਤਿਹਾਸ ਰਚੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਨੇੜਲੇ ਪਿੰਡ ਮਾਹਲਾ ਕਲਾਂ ਵਿਖੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਗਈ ਵਿਸ਼ਾਲ ਰੈਲੀ ਦੌਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਬੁਰੀ ਤਰਾਂ ਅੱਕ ਗਏ ਹਨ। ਲੋਕਾਂ ਦਾ ਵਿਕਾਸ ਦੀ ਥਾਂ 'ਤੇ ਵਿਨਾਸ਼ ਹੋਇਆ ਹੈ। ਸਮੈਕ ਅਤੇ ਬਰੇਤੀ ਦੀ ਬਲੈਕ ਜ਼ੋਰਾਂ 'ਤੇ ਹੈ। ਬੁਰੀ ਤਰਾਂ ਫੇਲ ਹੋ ਚੁੱਕੀ ਸਰਕਾਰ ਹੁਣ ਮੋਬਾਇਲ ਵੈਨਾਂ ਰਾਹੀਂ ਘਰ-ਘਰ ਜਾ ਕੇ ਆਪਣੇ ਵਿਕਾਸ ਦਾ ਪ੍ਰਚਾਰ ਕਰ ਰਹੀ ਹੈ ਪਰ ਵਿਕਾਸ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹੈ, ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਪੈ ਰਿਹਾ ਹੈ, ਨੌਜਵਾਨ ਪੀੜੀ ਕੁਰਾਹੇ ਪੈ ਰਹੀ ਹੈ। ਅੱਜ ਪੰਜਾਬ ਨੂੰ ਬਚਾਉਣ ਦੀ ਲੋੜ ਹੈ। ਉਨਾਂ ਕਿਹਾ ਕਿ ਅੱਜ ਦੇ ਵਿਸ਼ਾਲ ਇਕੱਠ ਨੇ ਦਰਸਾ ਦਿੱਤਾ ਹੈ ਕਿ 2017 ਦੌਰਾਨ ਹਲਕਾ ਬਾਘਾ ਪੁਰਾਣਾ 'ਚ ਆਮ ਆਦਮੀ ਪਾਰਟੀ ਵੱਡੀ ਲੀਡ ਨਾਲ ਸ਼ਾਨਦਾਰ ਜਿੱਤ ਹਾਸਲ ਕਰੇਗੀ? ਇਸ ਮੌਕੇ ਪ੍ਰੈਸ ਕਾਨਫਰੰਸ ਦੌਰਾਨ ਐੱਮ.ਪੀ. ਭਗਵੰਤ ਮਾਨ ਨੇ ਕਿਹਾ ਕਿ ਅਸੀਂ ਛੇ ਮਹੀਨੇ ਪਹਿਲਾਂ ਆਪਣੇ ਉਮੀਦਵਾਰ ਮੈਦਾਨ 'ਚ ਉਤਾਰ ਦਿੱਤੇ ਹਨ ਅਤੇ ਮੈਂ ਵਿਧਾਨ ਸਭਾ ਚੋਣ ਵੀ ਲੜਾਂਗਾ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਪਾਰਟੀ ਚਾਹੇਗੀ ਤਾਂ ਉਹ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਖਿਲਾਫ ਚੋਣ ਲੜਣ ਲਈ ਤਿਆਰ ਬਰ ਤਿਆਰ ਹਨ।

ਪੱਤਰਕਾਰਾਂ ਵੱਲੋਂ ਕੀਤੇ ਗਏ ਧੜਾਧੜ ਸਵਾਲਾਂ ਦੇ ਮੂਹਰੇ ਭਗਵੰਤ ਮਾਨ ਕੁਝ ਹਿਚਕਹਾਟ ਜਿਹੀ ਮਹਿਸੂਸ ਕਰਦੇ ਹੋਏ ਬਾਕੀ ਸਵਾਲਾਂ ਦੇ ਜਵਾਬ ਤੋਂ ਟਾਲਾ ਵੱਟ ਗਏ। ਇਸ ਮੌਕੇ ਮੈਂਬਰ ਪ੍ਰੋਫੈਸਰ ਸਾਧੂ ਸਿੰਘ ਐੱਮ.ਪੀ., ਫਰੀਦਕੋਟ ਲੀਗਲ ਸੈੱਲ ਸਲਾਹਕਾਰ ਐਡਵੋਕੇਟ ਰਮੇਸ਼ ਗਰੋਵਰ, ਸੁਖਵਿੰਦਰ ਲੋਪੋ, ਹਰਪ੍ਰੀਤ ਸਿੰਘ ਰਿਟੂ, ਮਨਜੀਤ ਸਿੰਘ, ਬਲਜਿੰਦਰ ਸਿੰਘ ਖਾਲਸਾ, ਕਮਲ ਭਲੂਰ, ਸਰਬਜੀਤ ਬੰਬੀਹਾ, ਦੀਪਕ ਅਰੋੜਾ, ਹਰਪ੍ਰੀਤ ਸਮਾਧ ਭਾਈ, ਸਰਪੰਚ ਜਗਮੇਲ ਸਿੰਘ ਰੋਡੇ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਾਡੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਸੜਕਾਂ 'ਤੇ ਰੁਲ ਰਹੀਆਂ ਹਨ। ਪੰਜਾਬ ਅੰਦਰ ਗੁੰਡਾ ਰਾਜ ਹੋ ਰਿਹਾ ਹੈ? ਰੈਲੀ ਵਿਚ ਕੈਪਟਨ ਗੁਰਬਿੰਦਰ ਸਿੰਘ ਕੰਗ, ਅੰਕੁਸ਼ ਨਾਰੰਗ, ਡਾ: ਕੁਲਦੀਪ ਸਿੰਘ, ਨਛੱਤਰ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ ਢਿੱਲੋਂ ਕੋਟਕਪੂਰਾ, ਮਨਜੀਤ ਸਿੰਘ ਬਿਲਾਸਪੁਰ, ਕਿਰਨਦੀਪ ਸਿੰਘ ਬੰਬੀਹਾ, ਸੁਖਦੇਵ ਸਿੰਘ ਭਲੂਰ, ਸਰਪੰਚ ਗੁਰਦਾਸ ਸਿੰਘ ਭਲੂਰ, ਰਾਜਵਿੰਦਰ ਸਿੰਘ ਧਰਮਕੋਟ, ਬਲੌਰ ਸਿੰਘ ਭਲੂਰ, ਲਖਵੀਰ ਸਮਾਲਸਰ, ਬੇਅੰਤ ਸਿੰਘ ਵਾਂਦਰ, ਅਮਨ ਗਰੇਵਾਲ, ਗੁਰਜੰਟ ਸਿੰਘ ਮਾਹਲਾ, ਸਰਬਜੀਤ ਸਿੰਘ ਸਮਾਲਸਰ, ਬਲਵਿੰਦਰ ਸਿੰਘ ਘੋਲੀਆ, ਗੁਰਵਰਿਆਮ ਸਿੰਘ, ਲਖਵੀਰ ਸਿੰਘ ਹਰੀਏਵਾਲਾ, ਜਸਪਾਲ ਸਿੰਘ ਮਾਹਲਾ, ਸੁਖਚੈਨ ਸਿੰਘ ਮਾਹਲਾ ਸਰਕਲ ਪ੍ਰਧਾਨ, ਬੇਅੰਤ ਸਿੰਘ ਵਾਂਦਰ ਐੱਸ.ਸੀ. ਵਿੰਗ, ਅਜੈਬ ਬਰਾੜ ਭਗਤਾ, ਬਲਜਿੰਦਰ ਸਿੰਘ, ਰਛਪਾਲ ਸਿੰਘ, ਜ਼ੋਰਾ ਸਿੰਘ ਸਰਪੰਚ, ਬਿਰਜੂ ਬਾਘਾ ਪੁਰਾਣਾ, ਜਰਨੈਲ ਸਿੰਘ ਬਾਘਾ ਪੁਰਾਣਾ, ਜਸਵੰਤ ਸਿੰਘ ਪ੍ਰਧਾਨ ਲੰਗੇਆਣਾ, ਗੁਰਪ੍ਰੀਤ ਸਿੰਘ ਥਰਾਜ ਤੋਂ ਇਲਾਵਾ ਵੱਡੀ ਪੱਧਰ 'ਤੇ ਪਾਰਟੀ ਨੁਮਾਇੰਦੇ, ਪਾਰਟੀ ਵਰਕਰ ਹਾਜ਼ਰ ਸਨ।

# ਕਦੋ ਤੱਕ ਫਾਹਾ ਲੈਂਦੇ ਰਹਿਣਗੇ ਕਿਸਾਨ?



ਹਰ ਸਮੇਂ ਦੀ ਸਰਕਾਰ ਨੇ ਕਿਸਾਨਾ ਨੂੰ ਹਮੇਸ਼ਾ ਅਣਗੋਲਿਆ ਕੀਤਾ ਹੈ। ਉਨ੍ਹਾਂ ਦੇ ਮੁੱਦਿਆ ਨੂੰ ਨਾ ਤਾ ਮੀਡੀਆ ਨੇ ਤਰਜੀਹ ਦਿੱਤੀ ਤੇ ਨਾਹੀ ਸਿਆਸੀ ਪਾਰਟੀਆ ਨੇ। ਹਮੇਸ਼ਾ ਰਾਜਨੀਤਿਕ ਮੁੱਦਾ ਬਣਾ ਕੇ ਕਿਸਾਨਾ ਨੂੰ ਵਰਤਿਆ ਹੈ।

ਵਧ ਰਹੀ ਮਹਿੰਗਾਈ ਤੇ ਫਸਲ ਦੇ ਝਾੜ 'ਚ ਆਈ ਖੜੋਤ ਨੇ ਕਿਸਾਨਾਂ ਦੀ ਮਤ ਹੀ ਮਾਰ ਦਿੱਤੀ ਹੈ। ਜਮੀਨਾ ਦੇ ਠੇਕੇ ਅਸਮਾਨੀ ਚੜ ਗਏ ਹਨ। ਆਪਣੇ ਪਰਿਵਾਰ ਦਾ ਜੂਨ ਗੁਜਾਰਾ ਕਰ ਰਹੇ ਕਿਸਾਨ ਨੂੰ ਮਹਿੰਗੇ ਭਾਅ ਤੇ ਠੇਕੇ ਤੇ ਜਮੀਨ ਲੇ ਕੇ ਵੀ ਖੇਤੀ ਕਰਨਾ ਹੁਣ ਲਾਹੇਵੰਦ ਧੰਦਾ ਨਹੀ ਰਿਹਾ। ਕਿਸਾਨ ਹਰ ਪਾਸਿਉ ਲੁੱਟਿਆ ਜਾ ਰਿਹਾ ਹੈ।

ਵਪਾਰੀ ਨਾਲ ਰਲੀ ਸਰਕਾਰ ਵੀ ਕਿਸਾਨਾ ਦੇ ਹਿੱਤ ਪੂਰੇ ਕਰਨ ਚ ਨਾਕਾਮਯਾਬ ਰਹੀ ਹੈ। ਜਿਣਸ ਦਾ ਸਹੀ ਮੁੱਲ ਨਾ ਮਿਲਣ ਕਰਕੇ ਕਿਸਾਨਾ ਦੇ ਘਰਾ ਦੇ ਚੁੱਲੇ ਠੰਡੇ ਹਨ ਤੇ ਮਜਦੂਰੀ ਕਰਨ ਲਈ ਮਜਬੂਰ ਹਨ। ਭਾਰਤ ਭਰ 'ਚ ਹਰ ਪਾਸੇ ਕਿਸਾਨ ਮੁੱਦਿਆ ਤੇ ਬਹਿਸ ਹੁੰਦੀ ਹੈ ਪਰ ਉਸ ਦਾ ਕੋਈ ਸਰਲ ਉਪਾਅ ਨਹੀ ਨਿਕਲਦਾ ਕਿਉਕਿ ਜੇ ਕਿਸਾਨ ਦੇ ਮਸਲੇ ਹੱਲ ਹੋ ਗਏ ਤਾਂ ਕਿਸਾਨ ਸਿਆਸੀ ਮਸਲਿਆ 'ਚ ਵੀ ਹਿੱਸਾ ਲਊ ਤਾਂ ਕਰਕੇ ਕਿਸਾਨ ਨੂੰ ਇਸ ਤਾਣੇਬਾਣੇ ਚ ਹੀ ਉਲਝਾਈ ਰੱਖਣਾ ਸਿਆਸੀ ਲੀਡਰਾਂ ਦੀ ਪਹਿਲੀ ਨੀਤੀ ਹੈ।

ਆਪਣੀ ਸੱਚੀ ਸੁੱਚੀ ਕਿਰਤ ਕਰਕੇ ਖਾਣ ਵਾਲੇ ਕਿਸਾਨ ਨੂੰ ਇਕ ਸੋਚੀ ਸਮਝੀ ਨੀਤੀ ਤਹਿਤ ਸਰਕਾਰਾ ਨੇ ਬੈਂਕ ਦੇ ਕਰਜ਼ਿਆਂ ਦੇ ਮੱਕੜਜਾਲ 'ਚ ਇਸ ਤਰ੍ਹਾਂ ਫਸਾਇਆ ਹੈ ਕਿ ਉਹ ਸਾਰੀ ਉਮਰ ਇਸ ਮੱਕੜੀ ਜਾਲ 'ਚੋਂ ਨਿਕਲ ਨਹੀ ਸਕਦਾ ਕਿਉਂਕਿ ਚੰਗਾ ਭਾਅ ਮਿਲਣਾ ਨਹੀ ਉਪਜ ਵੱਧਣੀ ਨਹੀ ਹਰ ਸਮੇ ਗੁਲਾਮੀ ਦੇ ਚੱਕਰ 'ਚ ਹੀ ਫਸਿਆ ਰਹਿੰਦਾ ਹੈ।

ਕਿਸਾਨ ਯੂਨੀਅਨਾ ਵੀ ਸਰਕਾਰੀ ਭੋਂਪੂ ਹੀ ਲਗਭਗ ਬਣ ਗਈਆ ਹਨ ਇਕ ਦੋ ਨੂੰ ਛੱਡ ਕੇ ਸਾਰੇ ਯੂਨੀਅਨ ਲੀਡਰ ਕਿਸਾਨ ਮਸਲੇ ਵਿਸਾਰ ਕੇ ਹਾਕਮ ਧਿਰ ਨਾਲ ਸਾਝ ਪਾ ਕੇ ਸੱਤਾ ਦਾ ਸੁਖ ਮਾਣ ਰਹੇ ਹਨ। ਕਿਸਾਨਾਂ ਦੇ ਮੁੜਕੇ ਵਾਲੀ ਕਮਾਈ 'ਚੋਂ ਦਿੱਤੇ ਫੰਡਾ ਨਾਲ ਆਪਣੀਆ ਉੱਚੀਆ ਖਾਹਿਸਾ ਨੂੰ ਪਾਲ ਰਹੇ ਹਨ। ਖੁਦਕਸੀ ਕਰ ਰਹੇ ਕਿਸਾਨ ਦੇ ਪਰਿਵਾਰ ਦੀ ਬਾਂਹ ਨਹੀਂ ਫੜ ਰਹੇ।

ਬੁੰਦੇਲਖੰਡ ਦੇ ਕਿਸਾਨਾਂ ਦੀ ਹਾਲਤ ਇੰਨੀ ਖਸਤਾ ਹੋ ਗਈ ਹੈ ਕਿ ਕੁਝ ਪਰਿਵਾਰ ਆਪਣਾ ਪੇਟ ਪਾਲਣ ਲਈ ਘਾਹ ਫੂਸ ਦੀ ਰੋਟੀ ਪਕਾ ਕੇ ਖਾਹ ਰਹੇ ਹਨ ਉਥੇ ਖੁਦਕਸੀਆ ਆਏ ਦਿਨ ਕਿਸਾਨ ਕਰ ਰਹੇ ਹਨ ਕੋਈ ਸਰਕਾਰ ਸਾਰ ਨਹੀ ਲੈ ਰਹੀ। ਪਿੱਛੇ ਜਿਹੇ ਨਾਨਾ ਪਾਟੇਕਰ ਫਿਲਮ ਐਕਟਰ ਨੇ ਆਪਣੇ ਨਿੱਜੀ ਵਸੀਲਿਆ 'ਚੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਸਰਕਾਰ ਕੁਝ ਨਹੀਂ ਕਰ ਰਹੀ।

ਜੇ ਮਰਾਠੀ ਕਿਸਾਨਾਂ ਲਈ ਨਾਨਾ ਪਾਟੇਕਰ ਰੱਬ ਬਣ ਬਹੁੜਿਆ ਹੈ ਤਾਂ ਪੰਜਾਬੀ ਕਿਸਾਨਾਂ ਲਈ ਤਾ ਰੱਬ ਦੇ ਦਰਵਾਜ਼ੇ ਵੀ ਬੰਦ ਹਨ। ਕੋਈ ਵੀ ਸੱਜਣ ਮਦਦ ਕਰਨ ਲਈ ਤਿਆਰ ਨਹੀਂ ਹੈ। ਖੁਦਕਸ਼ੀ ਕਰ ਚੁੱਕੇ ਕਿਸਾਨ ਦੇ ਭੋਗ ਤੋਂ ਬਾਅਦ ਜੋ ਮੁਸੀਬਤਾ ਦੇ ਪਹਾੜ ਉਸ ਦੇ ਪਰਿਵਾਰ ਤੇ ਟੁੱਟਦੇ ਹਨ ਉਹ ਲਿਖਣਾ ਅਸੰਭਵ ਹੈ ਹਰ ਕੋਈ ਉਸ ਦਾ ਸੋਸ਼ਣ ਕਰਦਾ ਹੈ। ਠਾਣੇ ਕਚਹਿਰੀਆ 'ਚ ਰੁਲਦਾ ਪਰਿਵਾਰ ਹਰ ਵਕਤ ਆਪਣੀ ਜਮੀਰ ਦੀ ਖੁਦਕਸ਼ੀ ਕਰਦਾ ਹੈ।

ਮਹਿੰਗੀਆ ਰੇਹਾ ਸਪਰੇਆ ਤੇ ਨਕਲੀ ਬੀਜਾ ਨੇ ਜੋ ਐਂਤਕੀ ਬਠਿੰਡੇ ਇਲਾਕੇ 'ਚ ਕਿਸਾਨਾਂ ਦੀ ਹਾਲਤ ਪਤਲੀ ਕੀਤੀ ਹੈ। ਉਹ ਸਾਰੀ ਉਮਰ ਤੱਕ ਨਹੀਂ ਉੱਠ ਸਕਦੇ। ਸਾਹੂਕਾਰਾ ਮਹਿੰਗਾ ਕਰਜ਼ਾ ਇੰਨਾ ਕਿਸਾਨਾਂ ਨੂੰ ਆਏ ਦਿਨ ਨਿਗਲ ਰਿਹਾ ਹੈ। ਆੜਤੀਆ ਅਮੀਰ ਹੋ ਰਿਹਾ ਹੈ ਤੇ ਕਿਸਾਨ ਗਰੀਬ ਹੋ ਰਿਹਾ ਹੈ।

ਵੱਡਿਆ ਘਰਾਣਿਆਂ ਤੇ ਉਦਯੋਗਪਤੀਆਂ ਨੂੰ ਸਰਕਾਰ ਬਚਾਉਣ ਲਈ ਮੋਟੀ ਰਕਮ ਦੇ ਰੂਪ 'ਚ ਸਬਸਿਡੀਆ ਦੇ ਗੱਫੇ ਦਿੰਦੀ ਹੈ। ਮਨਮੋਹਨ ਸਰਕਾਰ ਨੇ ਟਾਟਾ ਦੀ ਨੈਨੋ ਕਾਰ ਕੰਪਨੀ ਭਾਰੀ ਸਬਸਿਡੀ ਦਿੱਤੀ ਪਰ ਜਦੋਂ ਕਿਸਾਨਾਂ ਦੇ ਕਰਜ਼ਾ ਮੁਆਫੀ ਦਾ ਐਲਾਨ ਕਰਨਾ ਸੀ ਤਾਂ ਬਸ ਤਰ ਤੇ ਲੂਣ ਘਸਾਉਣ ਵਾਲਾ ਕੰਮ ਕੀਤਾ। ਕਿਸਾਨਾਂ ਨੂੰ ਘੱਟ ਤੇ ਬੈਂਕਾ ਨੂੰ ਜ਼ਿਆਦਾ ਲਾਭ ਹੋਇਆ।

ਦੇਸ਼ 'ਚ ਪੈਰ ਪੈਰ ਤੇ ਕਿਸਾਨ ਨਾਲ ਠੱਗੀ ਹੋ ਰਹੀ ਹੈ। ਕਿਸਾਨਾਂ ਦੀ ਲੁੱਟ ਦਿਨ ਦਿਹਾੜੇ ਹੋ ਰਹੀ ਹੈ। ਸਸਤੇ 'ਚ ਬਾਸਮਤੀ ਕਿਸਾਨਾ ਤੋਂ ਖਰੀਦ ਕੇ ਵਪਾਰੀ ਮਹਿੰਗੇ ਭਾਅ ਚੋਲ ਵੇਚ ਰਹੇ ਹਨ। ਇਹ ਲੁੱਟ ਖਸੁੱਟ ਉਦੋਂ ਤੱਕ ਜਾਰੀ ਰਹੇਗੀ ਜਦੋਂ ਤਕ ਕਿਸਾਨ ਖੁਦ ਆਪਣੇ ਹੱਕ ਲੈਣ ਲਈ ਜਾਗਰੂਕ ਨਹੀਂ ਹੁੰਦਾ। ਨਹੀਂ ਤਾਂ ਇਸ ਤਰ੍ਹਾਂ ਦਾ ਵਰਤਾਰਾ ਆਏ ਦਿਨ ਹੁੰਦਾ ਰਹੇਗਾ ਕਿ ਬਾਪ ਦੀ ਅਰਥੀ ਉੱਠਦੀ ਰਹੇਗੀ ਤੇ ਦੂਜੇ ਪਾਸੇ ਧੀ ਦੀਆ ਡੋਲੀ ਦੀਆਂ ਚੀਕਾਂ ਜਹਾਨੋਂ ਵਿਛੜੇ ਬਾਪ ਲਈ ਵੱਜਦੀਆਂ ਰਹਿਣਗੀਆ।

ਕਿਸਾਨ ਜਥੇਬੰਦੀਆ ਤੇ ਸਰਕਾਰਾ ਤੇ ਟੇਕ ਰੱਖ ਕੇ ਹੱਕ ਲੈਣ ਦੀ ਆਦਤ ਦਾ ਤਿਆਗ ਕਰਨਾ ਪਵੇਗਾ ਤਾਂ ਹੀ ਕਿਸਾਨ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰਨ ਦੇ ਇਸ ਚੱਕਰਵਿਊ 'ਚੋਂ ਨਿਕਲਣਗੇ।

**ਕੁਲਵਿੰਦਰ ਤਾਰੇਵਾਲਾ (ਮੋਗਾ)**

**991 464 3373**

# ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਮੇਜਰ ਧਿਆਨ ਚੰਦ ਦਾ ਜਨਮ ਦਿਨ 'ਕੌਮੀ ਖੇਡ ਦਿਵਸ' ਵਜੋਂ ਮਨਾਇਆ ਗਿਆ



**ਮੋਗਾ - (ਸਾਧੂ ਸਿੰਘ ਧੰਮੂ)** - ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਮੇਜਰ ਧਿਆਨ ਚੰਦ ਦਾ ਜਨਮ ਦਿਨ ਅੱਜ ਸਥਾਨਕ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ 'ਕੌਮੀ ਖੇਡ ਦਿਵਸ' ਵਜੋਂ ਮਨਾਇਆ ਗਿਆ। ਇਸ ਮੌਕੇ ਵਿਧਾਇਕ ਜੋਗਿੰਦਰ ਪਾਲ ਜੈਨ, ਡਿਪਟੀ ਕਮਿਸਨਰ ਮੋਗਾ ਸ. ਕੁਲਦੀਪ ਸਿੰਘ ਵੈਦ, ਜ਼ਿਲ੍ਹਾ ਪ੍ਰਧਾਨ ਭਾਜਪਾ ਤਰਲੋਚਨ ਸਿੰਘ ਗਿੱਲ, ਮੇਅਰ ਨਗਰ ਨਿਗਮ ਮੋਗਾ ਅਕਸ਼ਿਤ ਜੈਨ ਅਤੇ ਵਧੀਕ ਡਿਪਟੀ ਕਮਿਸ਼ਨਰ ਅਜੇ ਸੂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਮੋਗਾ ਸ. ਕੁਲਦੀਪ ਸਿੰਘ ਵੈਦ ਨੇ ਖਿਡਾਰੀਆਂ ਨੂੰ ਮਿਹਨਤ ਅਤੇ ਲਗਨ ਨਾਲ ਅੱਗੇ ਵਧਣ ਦੀ ਪ੍ਰੇਰਣਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ ਅਤੇ ਮੇਜਰ ਧਿਆਨ ਚੰਦ ਵਰਗੇ ਖਿਡਾਰੀਆਂ ਤੋਂ ਸੇਧ ਲੈ ਕੇ ਖੇਡਾਂ 'ਚ ਸੂਬੇ ਅਤੇ ਦੇਸ਼ ਦਾ ਨਾਂ ਰੋਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਮੇਜਰ ਧਿਆਨ ਚੰਦ ਦਾ ਜਨਮ 29 ਅਗਸਤ, 1905 ਨੂੰ ਹੋਇਆ ਅਤੇ ਉਨ੍ਹਾਂ ਦੀ ਅਗਵਾਈ 'ਚ ਭਾਰਤ ਨੇ ਸਾਲ 1928, 1932 ਅਤੇ 1936 ਦੌਰਾਨ ਹੋਈਆਂ ਉਲੰਪਿਕ ਖੇਡਾਂ ਵਿੱਚ ਹਾਕੀ ਦੀ ਖੇਡ ਵਿੱਚ ਗੋਲਡ ਮੈਡਲ ਹਾਸਲ ਕੀਤੇ। ਇਸ ਮੌਕੇ ਉਨ੍ਹਾਂ ਮੇਜਰ ਧਿਆਨ ਚੰਦ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਵੀ ਅਰਪਿਤ ਕੀਤੇ ਅਤੇ ਗੁਰੂ ਗੋਬਿੰਦ ਸਿੰਘ ਕਲੱਬ ਬੁੱਟਰ ਤੇ ਮੋਗਾ ਦੀਆਂ ਟੀਮਾਂ ਵਿਚਕਾਰ ਕਰਵਾਏ ਗਏ ਦੋਸਤਾਨਾ ਮੈਚ ਦੌਰਾਨ ਉਨ੍ਹਾਂ ਖਿਡਾਰੀਆਂ ਨਾਲ ਜਾਣ-ਪਛਾਣ ਵੀ ਕੀਤੀ। ਇਸ ਮੌਕੇ ਵਿਧਾਇਕ ਜੋਗਿੰਦਰ ਪਾਲ ਜੈਨ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਬੜਾਵਾ ਦੇਣ ਲਈ ਗੰਭੀਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੇਜਰ ਧਿਆਨ ਚੰਦ ਦਾ ਜਨਮ ਦਿਨ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਖੇਡ ਵਿਭਾਗ ਦੇ ਸਹਿਯੋਗ ਨਾਲ ਕੌਮੀ ਖੇਡ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਉਨ੍ਹਾਂ ਇਸ ਮੌਕੇ ਕਰਵਾਏ ਗਏ ਹਾਕੀ ਦੇ ਦੋਸਤਾਨਾ ਮੈਚ 'ਚੋਂ ਜੇਤੂ ਰਹੀ ਗੁਰੂ ਗੋਬਿੰਦ ਸਿੰਘ ਕਲੱਬ ਬੁੱਟਰ ਅਤੇ ਦੋਇਮ ਰਹੀ ਮੋਗਾ ਦੀ ਟੀਮ ਨੂੰ ਵੰਡੀਆਂ। ਇਸ ਮੌਕੇ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਡਿਪਟੀ ਕਮਿਸ਼ਨਰ ਕੁਲਦੀਪ ਸਿੰਘ ਵੈਦ ਨੂੰ ਖੇਡ ਵਿਭਾਗ ਮੋਗਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਲਾਇਨਜ਼ ਕਲੱਬ ਮੋਗਾ (ਸੈਂਟਰਲ) ਵੱਲੋਂ ਖਿਡਾਰੀਆਂ ਨੂੰ ਰਿਫ਼ਰੈਸਮੈਂਟ ਦਿੱਤੀ ਗਈ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਐਸ.ਡੀ.ਐਮ ਮੋਗਾ ਸੁਰਿੰਦਰ ਕੌਰ, ਰਾਜਵੰਤ ਸਿੰਘ ਮਾਹਲਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਮਰਜੀਤ ਸਿੰਘ ਖੋਖਰ, ਸਹਾਇਕ ਸਿੱਖਿਆ ਅਫ਼ਸਰ (ਖੇਡਾਂ) ਇੰਦਰਪਾਲ ਸਿੰਘ ਢਿੱਲੋਂ, ਤਹਿਸੀਲਦਾਰ ਪਵਨ ਕੁਮਾਰ, ਲਾਇਨਜ਼ ਕਲੱਬ ਮੋਗਾ (ਸੈਂਟਰਲ) ਦੇ ਪ੍ਰਧਾਨ ਨਰੇਸ਼ ਕੁਮਾਰ ਗੋਇਲ, ਐਨ. ਜੀਓ ਐਸ. ਕੇ.ਬਾਂਸਲ, ਪ੍ਰਿੰਸੀਪਲ ਬਚਿੱਤਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਮੈਡਮ ਸਰੋਜ ਧੀਮਾਨ, ਸੁਖਦੇਵ ਸਿੰਘ ਖੋਸਾ, ਪ੍ਰੋ. ਗੁਰਮੀਤ ਸਿੰਘ, ਹਾਕੀ ਕੋਚ ਕੁਲਵੰਤ ਸਿੰਘ ਪੰਨੂ, ਬਾਕਸਿੰਗ ਕੋਚ ਹਾਕਮ ਸਿੰਘ, ਵਿਜੇ ਕੌਸ਼ਿਕ ਅਤੇ ਰੋਹਿਤ ਗਰਗ ਆਦਿ ਹਾਜ਼ਰ ਸਨ।